120

ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ
(ਆਰ.ਆਰ.ਸ਼ਾਖਾ)

ਨੰ: 12/43/99-ਰਰ-1/11280

ਸੇਵਾ ਵਿਖੇ,

1. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

2. ਪੰਜਾਬ ਰਾਜ ਦੇ ਉਪ ਮੰਡਲ ਮੈਜਿਸਟਰੇਟ।

ਚੰਡੀਗੜ੍ਹ, ਮਿਤੀ 1 ਅਗਸਤ, 2002.

ਵਿਸ਼ਾ :- ਅੱਤਵਾਦੀਆਂ ਹੱਥੋ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਐਕਸ਼ ਗਰੇਸ਼ੀਆ ਗ੍ਰਾਂਟ ਦੇਣ ਬਾਰੇ।

*****

ਸ੍ਰੀ ਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਮੀਮੋ ਨੰ: 8/69/89-ਰਰ2/12565, ਮਿਤੀ 29-8-95 ਵੱਲ ਦਿਵਾਉਂਦੇ ਹੋਏ ਸੂਚਿਤ ਕਰਾਂ ਕਿ ਸਰਕਾਰ ਵਲੋ ਇਨ੍ਹਾਂ ਹਦਾਇਤਾਂ ਵਿੱਚ "innocent civilians(private citizens only) ਲਿਖਣ ਦਾ ਭਾਵ ਇਹ ਸੀ ਕਿ ਇਹ ਹਦਾਇਤਾਂ ਕਰਮਚਾਰੀਆਂ ਤੇ ਲਾਗੂ ਨਹੀ ਹੋਣਗੀਆਂ ਕਿਉ ਜੋ ਉਨ੍ਹਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਪਹਿਲਾਂ ਹੀ ਐਕਸ਼ ਗਰੇਸ਼ੀਆ ਗਰਾਂਟ ਮਿਲਦੀ ਹੈ। ਪਰ ਸਰਕਾਰ ਦੇ ਧਿਆਨ ਵਿੱਚ ਕੁਝ ਅਜਿਹੇ ਕੇਸ ਆਏ ਹਨ, ਜਿਨ੍ਹਾਂ ਵਿੱਚ ਸਬੰਧਤ ਅਰਧ ਸਰਕਾਰੀ ਅਦਾਰਿਆਂ ਵਿੱਚ ਕੰਮ ਕਰ ਰਹੇ ਵਿਅਕਤੀਆਂ ਦੇ ਅੱਤਵਾਦੀਆਂ ਹੱਥੋ ਮਾਰੇ ਜਾਣ ਤੇ ਉਨ੍ਹਾਂ ਦੇ ਵਾਰਸਾਂ ਨੂੰ ਕੋਈ ਐਕਸ਼ ਗਰੇਸ਼ੀਆਂ ਗਰਾਂਟ ਨਹੀ ਮਿਲੀ ਕਿਉ ਜੋ ਸਬੰਧਤ ਅਦਾਰੇ ਵਲੋ ਐਕਸ਼ ਗਰੇਸ਼ੀਆ ਗਰਾਂਟ ਦੇਣ ਦੀ ਅਜਿਹੀ ਕੋਈ ਪਾਲਿਸੀ ਨਹੀ ਸੀ।

2. ਇਹ ਮਾਮਲਾ ਡੂੰਘਾਈ ਨਾਲ ਵਿਚਾਰਨ ਉਪਰੰਤ ਉਕਤ ਹਦਾਇਤਾਂ ਦੀ ਨਿਰੰਤਰਤਾ ਵਿੱਚ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਐਕਸ਼ ਗਰੇਸ਼ੀਆ ਗਰਾਂਟ ਕੇਂਦਰ ਸਰਕਾਰ ਜਾਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਤੋ ਇਲਾਵਾ ਸਾਰੇ innocent civilians ਨੂੰ ਮਿਲਣ ਯੋਗ ਹੋਵੇਗੀ, ਭਾਵੇ ਉਹ ਪ੍ਰਾਈਵੇਟ ਜਾਂ ਹੋਰ ਅਦਾਰੇ ਵਿੱਚ ਕੰਮ ਕਰਦੇ ਹੋਣ। ਪਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਸਬੰਧਤ ਵਿਅਕਤੀ ਦੇ ਦਫਤਰ ਵਲੋ ਅਜਿਹੇ ਕੇਸਾਂ ਵਿੱਚ ਕੋਈ ਐਕਸ਼ ਗਰੇਸ਼ੀਆ ਗਰਾਂਟ ਦੇਣ ਦੀ ਪਾਲਿਸੀ ਹੋਵੇ, ਤਦ ਪੰਜਾਬ ਸਰਕਾਰ ਵਲੋ ਐਕਸ਼ ਗਰੇਸ਼ੀਆ ਗਰਾਂਟ ਵਜੋ ਉਤਨੀ ਹੀ ਰਕਮ ਦਿੱਤੀ ਜਾਵੇਗੀ, ਜਿਸ ਨਾਲ ਕੁੱਲ ਐਕਸ਼ ਗਰੇਸ਼ੀਆ ਗਰਾਂਟ ਇੱਕ ਲੱਖ ਰੁਪਏ ਹੋ ਜਾਵੇਗੀ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਅਦਾਇਗੀ ਪੰਜਾਹ ਹਜਾਰ ਰੁਪਏ ਕਿਸਾਨ ਵਿਕਾਸ ਪੱਤਰਾਂ ਦੇ ਰੂਪ ਵਿੱਚ ਅਤੇ ਇਸ ਤੋ ਵੱਧ ਰਕਮ ਬੈਂਕ ਡਰਾਫਟ ਦੇ ਰੂਪ ਵਿੱਚ ਦਿੱਤੀ ਜਾਵੇਗੀ। ਬਾਕੀ ਹਦਾਇਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ ਅਤੇ ਵੈਰੀਫਿਕੇਸ਼ਨ ਉਪਰੰਤ ਯੋਗ ਪਾਏ ਜਾਣ ਵਾਲੇ ਕੇਸਾਂ ਦੀ ਅਦਾਇਗੀ ਸਬੰਧਤ ਉਪ ਮੰਡਲ ਮੈਜਿਸਟਰੇਟਾਂ (ਜਿਨ੍ਹਾਂ ਦੇ ਏਰੀਏ ਵਿੱਚ ਸਬੰਧਤ ਘਟਨਾ ਹੋਈ ਹੋਵੇ) ਵਲੋ ਹੀ ਕੀਤੀ ਜਾਵੇਗੀ।

ਵਿਸ਼ਵਾਸਪਾਤਰ,

ਵਧੀਕ ਸਕੱਤਰ, [illegible]

ਪਿੱਠ ਅੰਕਣ ਨੰ: 12/43/99-ਰਜ/11281 ਚੰਡੀਗੜ੍ਹ ਮਿਤੀ 1 ਅਗਸਤ, 2002.

2. ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ) ਪੰਜਾਬ;
2. ਮਹਾਂਲੇਖਾਕਾਰ (ਏ ਐਂਡ ਈ) ਪੰਜਾਬ।
3. ਵਿੱਤ ਵਿਭਾਗ (ਵਿੱਤ ਖਰਚਾ 6 ਸ਼ਾਖਾ) ਪੰਜਾਬ।

ਵਧੀਕ ਸਕੱਤਰ, ਪੰਜਾਬ ਸਰਕਾਰ,
ਸਹਾਇਤਾ ਤੇ ਮੁੜ ਸਥਾਪਨ ਵਿਭਾਗ।